ਗੁਰੂ ਨਾਨਕ - ਸਬਦ ੧੦

ਸੁਣਿਐ ਸਿਧ ਪੀਰ ਸੁਰਿ ਨਾਥ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੨

ਸੁਣਿਐ ਸਿਧ ਪੀਰ ਸੁਰਿ ਨਾਥ ॥
ਸੁਣਿਐ ਧਰਤਿ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ ॥
ਸੁਣਿਐ ਪੋਹਿ ਨ ਸਕੈ ਕਾਲੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥੮॥

ਸਾਰ: ਸੁਣਨਾ ਸ਼ਕਤੀਸ਼ਾਲੀ ਵਰਤਾਰਾ ਹੋ ਜਾਂਦਾ ਹੈ ਜਦੋਂ ਇਸ ਨੂੰ ਗ੍ਰਹਿਣ ਅਤੇ ਆਤਮ-ਪੜਚੋਲ ਕਰਨ ਦੀ ਯੋਗਤਾ ਨਾਲ ਸਲਾਹਿਆ ਜਾਂਦਾ ਹੈ। ਇਹ ਗੁਣ ਸਾਰੀਆਂ ਇੰਦਰੀਆਂ ਨੂੰ ਮੂਰਤੀਮਾਨ ਕਰਦਾ ਹੈ, ਜੋ ਮਨੁੱਖਤਾ ਦੇ ਸਭ ਤੋਂ ਡੂੰਘੇ ਪੱਧਰ ਤੋਂ ਸਾਂਝੀਵਾਲਤਾ ਲਈ ਖੁੱਲ੍ਹ ਪ੍ਰਦਾਨ ਕਰਦਾ ਹੈ ਅਤੇ ਚੁਗਿਰਦੇ ਨਾਲ ਇੱਕ ਉਸਾਰੂ ਸੰਯੋਗ ਬਣਾਉਂਦਾ ਹੈ।

ਸੁਣਿਐ ਸਿਧ ਪੀਰ ਸੁਰਿ ਨਾਥ ॥

ਉੱਚ ਹਸਤੀਆਂ ਜਿਵੇਂ ਮਾਹਿਰ ਤਾਂਤਿਰਕ, ਆਤਮਿਕ ਗਿਆਨਵਾਨ, ਅਲੌਕਿਕ ਦੇਵਤਿਆਂ ਅਤੇ ਨਾਮਵਰ ਸੰਨਿਆਸੀਆਂ ਦੇ ਗਿਆਨ ਨੂੰ ਧਿਆਨ ਵਿੱਚ ਰੱਖਣਾ।

ਸੁਣਿਐ ਧਰਤਿ ਧਵਲ ਆਕਾਸ ॥

ਧਰਤੀ ਦੀ ਕਾਰਜਕਤਾ, ਅਦਿੱਖ ਸ਼ਕਤੀ ਜੋ ਤੱਤਾਂ ਨੂੰ ਇਕੱਠਿਆਂ ਰੱਖਦੀ ਹੈ, ਅਤੇ ਕਾਇਨਾਤ ਦੇ ਖਲਾਅ ਨੂੰ ਸਮਝਣਾ।

ਸੁਣਿਐ ਦੀਪ ਲੋਅ ਪਾਤਾਲ ॥

ਸਵਰਗ ਅਤੇ ਆਲੌਕਿਕ ਸੰਸਾਰ ਦੀਆਂ ਧਾਰਨਾਵਾਂ ਨੂੰ ਵਿਚਾਰਨਾ।

ਸੁਣਿਐ ਪੋਹਿ ਨ ਸਕੈ ਕਾਲੁ ॥

ਅਜਿਹਾ ਗਿਆਨ ਗ੍ਰਹਿਣ ਕਰਨਾ ਢਾਹੂ ਵਿਚਾਰਾਂ ਨੂੰ ਨਕਾਰਦਾ ਹੈ।

ਨਾਨਕ ਭਗਤਾ ਸਦਾ ਵਿਗਾਸੁ ॥

ਨਾਨਕ ਆਖਦੇ ਹਨ ਕਿ ਜੋ ਗਿਆਨ ਪ੍ਰਾਪਤ ਕਰਨ ਲਈ ਸਮਰਪਤ ਹਨ ਉਹ ਸਦਾ ਅਨੰਦਮਈ ਅਵਸਥਾ ਵਿੱਚ ਵਿਚਰਦੇ ਹਨ।

ਸੁਣਿਐ ਦੂਖ ਪਾਪ ਕਾ ਨਾਸੁ ॥੮॥

ਅਜਿਹੇ ਅਮਲਾਂ ਨੂੰ ਧਾਰਨ ਕਰਨ ਨਾਲ ਮਾਰੂ ਵਿਚਾਰਾਂ ਦੀ ਪੀੜ ਦੂਰ ਹੋ ਜਾਂਦੀ ਹੈ। (੮)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਗਿਆਨ ਉਹ ਨੀਂਹ ਹੈ ਜਿਸ ਉੱਤੇ ਦ੍ਰਿਸ਼ਟੀਕੋਣਾਂ ਦਾ ਨਿਰਮਾਣ ਹੁੰਦਾ ਹੈ। ਬਿਬੇਕ ਨਜ਼ਰੀਏ ਨੂੰ ਵਰਤਣ ਅਤੇ ਪਰਖਣ ਦੀ ਕਿਰਿਆ ਹੈ ਜੋ ਜਾਗਰੂਕਤਾ ਦੇ ਪੱਧਰ ਨੂੰ ਨਿਰਧਾਰਤ ਕਰਦੀ ਹੈ ਇਹ ਢਾਹੂ ਸੋਚ ਨੂੰ ਖਤਮ ਕਰ, ਉਸਾਰੂ ਸੋਚ ਵੱਲ ਪ੍ਰੇਰਿਤ ਕਰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **[OnenessInDiversity.com](OnenessInDiversity.com)**

ਈਮੇਲ: **onenessindiversityfoundation@gmail.com**